ਪ੍ਰੈੱਸ ਨੋਟ

Ontario

ਮਨਿਸਟਰੀ ਆਫ਼ ਦ
ਐਟਰਨੀ ਜਨਰਲ

ਤੁਰੰਤ ਜਾਰੀ ਕੀਤੇ ਜਾਣ ਲਈ
5 ਦਸੰਬਰ, 2006

ਓਨਟੇਰੀਓ ਵਿੱਚ *ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ* ਪਾਸ
*ਮਨੁੱਖੀ ਹੱਕਾਂ ਦੀ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਇਤਿਹਾਸਕ ਨਵਾਂ ਕਾਨੂੰਨ*

ਟੋਰੰਟੋ — ਓਨਟੇਰੀਓ ਦੀ ਵਿਧਾਨ ਸਭਾ ਨੇ ਬਿਲ 107, ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006, ਪਾਸ ਕਰ ਦਿੱਤਾ ਹੈ, ਐਟਰਨੀ ਜਨਰਲ ਮਾਈਕਲ ਬ੍ਰਾਇੰਟ ਨੇ ਅੱਜ ਐਲਾਨ ਕੀਤਾ।

"ਓਨਟੇਰੀਓ ਦੇ ਲੋਕਾਂ ਲਈ ਇਹ ਬੜੀ ਵਧੀਆ ਖ਼ਬਰ ਹੈ। ਇਹ ਨਵਾਂ ਕਾਨੂੰਨ ਵਿਤਕਰੇ ਨੂੰ ਚੰਗੇਰੀ ਤਰ੍ਹਾਂ ਰੋਕੇਗਾ ਅਤੇ ਸ਼ਿਕਾਇਤਾਂ ਦਾ ਵਧੇਰੇ ਛੇਤੀ ਅਤੇ ਅਸਰਦਾਰ ਨਿਪਟਾਰਾ ਕਰੇਗਾ," ਬ੍ਰਾਇੰਟ ਨੇ ਕਿਹਾ। "ਇਹ ਓਨਟੇਰੀਓ ਦੀ ਮਨੁੱਖੀ ਅਧਿਕਾਰਾਂ ਦੀ ਪ੍ਰਣਾਲੀ ਨੂੰ ਆਧੁਨਿਕ ਅਤੇ ਮਜ਼ਬੂਤ ਬਣਾਵੇਗਾ ਅਤੇ ਸਾਨੂੰ ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਨੂੰ ਲਾਗੂ ਕਰਨ ਦੇ ਪੱਧਰ ਦੇ ਬਰਾਬਰ ਲੈ ਆਵੇਗਾ।"

ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006, ਓਨਟੇਰੀਓ ਦੀ ਮਨੁੱਖੀ ਹੱਕਾਂ ਦੀ ਪ੍ਰਣਾਲੀ ਦੇ 44 ਸਾਲ ਪਹਿਲਾਂ ਸਿਰਜੇ ਜਾਣ ਤੋਂ ਬਾਅਦ ਇਸ ਵਿੱਚ ਸਭ ਤੋਂ ਵਧੇਰੇ ਨਿੱਗਰ ਤਬਦੀਲੀਆਂ ਕਰੇਗਾ।

ਸ਼ਿਕਾਇਤਾਂ ਦੇ ਨਿਪਟਾਰੇ ਦੀ ਇੱਕ ਨਵੀਂ ਪ੍ਰਣਾਲੀ ਲਾਗੂ ਕੀਤੀ ਜਾਵੇਗੀ, ਜਿਸ ਵਿੱਚ ਵਿਅਕਤੀਗਤ ਸ਼ਿਕਾਇਤਾਂ ਸਿੱਧੀਆਂ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਵਿੱਚ ਦਾਇਰ ਕੀਤੀਆਂ ਜਾਣਗੀਆਂ।

ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006, ਅਧੀਨ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਦੀ ਜ਼ਿੰਮੇਵਾਰੀ ਇਸ ਵੱਲੋਂ ਇੱਕ ਪਾਸੇ ਮਨੁੱਖੀ ਹੱਕਾਂ ਦੇ ਮਾਮਲਿਆਂ ਦੀ ਜਾਂਚ ਕਰਨ, ਅਤੇ ਦੂਜੇ ਪਾਸੇ ਜਨਤਾ ਨੂੰ ਜਾਗਰੂਕ ਕਰਨ, ਪਰਚਾਰ, ਜਨਤਕ ਵਕਾਲਤ, ਖੋਜ ਅਤੇ ਨਿਗਰਾਨੀ ਵਰਗੇ ਪਹਿਲਕਦਮੀ ਵਾਲੇ ਕਦਮਾਂ ਰਾਹੀਂ ਵਿਤਕਰਾ ਖਤਮ ਕਰਨ ਦੇ ਹੱਲ ਕਰਨ, ਦੀਆਂ ਭੂਮਿਕਾਵਾਂ ਵਿਚਾਲੇ ਚੰਗੇਰੀ ਤਰ੍ਹਾਂ ਸੰਤੁਲਤ ਹੋਵੇਗੀ।

ਕਮਿਸ਼ਨ ਕੋਲ ਕਿਸੇ ਵੀ ਮਾਮਲੇ ਦੀ ਛਾਣ-ਬੀਣ ਕਰਨ, ਜੇ ਇਸ ਨੂੰ ਯਕੀਨ ਹੋਵੇ ਕਿ ਅਜਿਹਾ ਕਰਨਾ ਜਨਤਕ ਹਿਤ ਵਿੱਚ ਹੋਵੇਗਾ, ਅਤੇ ਟ੍ਰਿਬਿਊਨਲ ਸਾਮ੍ਹਣੇ ਪੇਸ਼ ਕਿਸੇ ਵੀ ਮਾਮਲੇ ਵਿੱਚ ਮੁਦਾਖ਼ਲਤ ਦਾ ਹੱਕ ਹੋਵੇਗਾ। ਕਾਨੂੰਨ ਕਮਿਸ਼ਨ ਨੂੰ ਟ੍ਰਿਬਿਊਨਲ ਸਾਮ੍ਹਣੇ ਖ਼ੁਦ ਆਪਣੇ ਵੱਲੋਂ ਦਰਖ਼ਾਸਤ ਦਾਇਰ ਕਰਨ ਦੀ ਖੁੱਲ੍ਹ ਵੀ ਦੇਵੇਗਾ।

ਟ੍ਰਿਬਿਊਨਲ ਕੋਲ ਦਾਇਰ ਦਰਖ਼ਾਸਤਾਂ ਦੇ ਹਰ ਪੱਖ ਨਾਲ ਸੰਬੰਧਤ ਕਾਨੂੰਨੀ ਅਤੇ ਹੋਰ ਹਿਮਾਇਤੀ ਸੇਵਾਵਾਂ ਪ੍ਰਦਾਨ ਕਰਨ ਦੀ ਇੱਕ ਖਰਚ ਪੱਖੋਂ ਚੁਸਤ ਅਤੇ ਕਾਰਗਰ ਸੂਬਾਈ ਪ੍ਰਣਾਲੀ ਦਾ ਇੰਤਜ਼ਾਮ ਕਰਨ ਵਾਸਤੇ ਐਕਟ ਇੱਕ ਨਵਾਂ ਲੀਗਲ ਸੱਪੋਰਟ ਸੈਂਟਰ ਸਥਾਪਿਤ ਕਰੇਗਾ, ਜੋ ਜਨਤਕ ਪੈਸੇ ਨਾਲ ਚੱਲੇਗਾ ਅਤੇ ਜਨਤਾ ਨੂੰ ਜਵਾਬਦੇਹ ਹੋਵੇਗਾ। ਇਸ ਦਾ ਮਤਲਬ ਹੈ ਟ੍ਰਿਬਿਊਨਲ ਦੇ ਹੁਕਮਾਂ ਨੂੰ ਲਾਗੂ ਕਰਨ ਸਮੇਤ ਬਿਨੈਕਾਰਾਂ ਲਈ ਕਾਰਵਾਈ ਦੇ ਆਰੰਭ ਤੋਂ ਲੈ ਕੇ ਆਖੀਰ ਤਕ ਸੇਵਾ ਦੀ ਪ੍ਰਦਾਨਗੀ ਅਤੇ ਹਿਮਾਇਤ।

"ਇਹ ਤਬਦੀਲੀਆਂ ਦੁਨੀਆਂ ਭਰ ਵਿੱਚ ਇੱਕ ਬਹੁਤ ਆਧੁਨਿਕ ਅਤੇ ਅਗਾਂਹ-ਵਧੂ ਮਨੁੱਖੀ ਹੱਕਾਂ ਦੀ ਪ੍ਰਣਾਲੀ ਸਿਰਜਣਗੀਆਂ," ਜੌਨ੍ਹ ਫਰੇਜ਼ਰ, ਸੈਂਟਰ ਫ਼ਾਰ ਇਕੂਐਲਿਟੀ ਰਾਈਟਸ ਇਨ ਐਕੱਮੋਡੇਸ਼ਨ ਨੇ ਕਿਹਾ। "ਜੇ ਓਨਟੇਰੀਓ ਵਿੱਚ ਮਨੁੱਖੀ ਹੱਕਾਂ ਨੂੰ ਸੁਰੱਖਿਅਤ ਕਰਨਾ ਅਤੇ ਅਗਾਂਹ ਵਧਾਉਣਾ ਹੈ, ਤਾਂ ਮਨੁੱਖੀ ਹੱਕਾਂ ਦੇ ਮੁਕੱਦਮਿਆਂ ਦੀ ਸੁਣਵਾਈ ਤਕ ਸਿੱਧੇ ਪਹੁੰਚ ਸਕਣਾ ਬੜਾ ਅਹਿਮ ਹੈ।"

“ਮਨੁੱਖੀ ਹੱਕਾਂ ਦੀ ਸਾਡੀ ਸ਼ਿਕਾਇਤਾਂ ਦੀ ਪ੍ਰਣਾਲੀ ਨੂੰ ਸੁਧਾਰਨ ਲਈ ਓਨਟੇਰੀਓ ਸਰਕਾਰ ਦੀ ਸਿਫ਼ਤ ਕਰਨੀ ਬਣਦੀ ਹੈ। ਵਿਤਕਰੇ ਦਾ ਸ਼ਿਕਾਰ ਵਿਅਕਤੀਆਂ ਨੂੰ ਹੁਣ ਇੱਕ ਨਿਆਂਕਾਰੀ ਅਤੇ ਵਕਤ-ਸਿਰ ਸੁਣਵਾਈ ਦੀ ਕਾਰਵਾਈ ਮਿਲ ਸਕੇਗੀ,” ਸਾਬਕਾ ਚੀਫ਼ ਕਮਿਸ਼ਨਰ ਰਾਜ ਆਨੰਦ ਨੇ ਕਿਹਾ। “ਇਹ ਕਾਨੂੰਨ ਇਸ ਸਰਕਾਰ ਦੀਆਂ ਸਭ ਤੋਂ ਵਧ ਸਮੇਂ ਤਕ ਰਹਿਣ ਵਾਲੀਆਂ ਵਿਰਾਸਤਾਂ ਵਿੱਚੋਂ ਇੱਕ ਹੋਵੇਗਾ, ਜਿਸ ਨਾਲ ਓਨਟੇਰੀਓ ਵਿੱਚ ਬਰਾਬਰੀ ਦੇ ਹੱਕਾਂ ਦੀ ਸੁਰੱਖਿਆ ਹੋਵੇਗੀ।”

“ਸਾਡੀ ਮਨੁੱਖੀ ਹੱਕਾਂ ਦੀ ਪ੍ਰਣਾਲੀ ਵਿੱਚ ਅਰਥਪੂਰਣ ਸੁਧਾਰ, ਜਿਵੇਂ ਕਿ ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006, ਵਿੱਚ ਬਿਆਨਿਆ ਗਿਆ ਹੈ, ਨਾਲ ਯਕੀਨੀ ਬਣਾਇਆ ਜਾ ਸਕੇਗਾ ਕਿ ਮਨੁੱਖੀ ਹੱਕਾਂ ਦੀ ਸੁਰੱਖਿਆ ਦੇ ਮਾਮਲੇ ਵਿੱਚ ਓਨਟੇਰੀਓ ਅੰਤਰਰਾਸ਼ਟਰੀ ਪੱਧਰ ਤੇ ਮੋਹਰੀ ਰਹੇ,” ਓਨਟੇਰੀਓ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਜੇਮਜ਼ ਮੋਰਟਨ ਦਾ ਕਹਿਣਾ ਹੈ। “ਹਿਊਮਨ ਰਾਈਟਸ ਟ੍ਰਿਬਿਊਨਲ ਤਕ ਸਿੱਧੀ ਪਹੁੰਚ ਕਰਨ ਦੇ ਸਿਧਾਂਤ ਨੂੰ ਲਾਗੂ ਕਰ ਕੇ ਸਰਕਾਰ ਨੇ ਇੱਕ ਅਜਿਹੀ ਮਾਡਲ ਪ੍ਰਣਾਲੀ ਲਾਗੂ ਕੀਤੀ ਹੈ ਜੋ ਆਉਣ ਵਾਲੀਆਂ ਪੀੜੀਆਂ ਲਈ ਫਾਇਦੇਮੰਦ ਰਹੇਗੀ।”

“ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006, ਤੇ ਇੱਕ ਅਹਿਮ ਬਹਿਸ ਹੋ ਚੁੱਕੀ ਹੈ ਜਿਸ ਨੇ ਕਾਨੂੰਨ ਨੂੰ ਸੁਧਾਰਿਆ ਅਤੇ ਮਜ਼ਬੂਤ ਬਣਾਇਆ ਹੈ,” ਬ੍ਰਾਇੰਟ ਨੇ ਕਿਹਾ। “ਹੁਣ ਸਮਾਂ ਹੈ ਕਿ ਸਾਰੀਆਂ ਪਾਰਟੀਆਂ ਮਿਲ ਕੇ ਇਹ ਯਕੀਨੀ ਬਣਾਉਣ ਲਈ ਯਤਨ ਕਰਨ ਕਿ ਕਾਨੂੰਨ ਉਹ ਨਿਸ਼ਾਨਾ ਹਾਸਲ ਕਰੇ ਜਿਸ ਲਈ ਇਹ ਬਣਿਆ ਹੈ — ਉਨ੍ਹਾਂ ਸਭਨਾਂ ਲਈ ਇਨਸਾਫ਼ ਤਕ ਪਹੁੰਚ ਯਕੀਨੀ ਬਣਾਉਣਾ ਜਿਨ੍ਹਾਂ ਨੂੰ ਵਿਤਕਰੇ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ।”

- 30 -

ਸੰਪਰਕ:
ਗ੍ਰੈੱਗ ਕ੍ਰੋਨ
ਮਨਿਸਟਰੀ ਆਫ਼ ਦ ਐਟਰਨੀ ਜਨਰਲ
ਮੰਤਰੀ ਦਾ ਦਫ਼ਤਰ
*(416) 326-1785*

ਬ੍ਰੈਂਡਨ ਕ੍ਰਾਅਲੀ
ਕਮਿਊਨੀਕੇਸ਼ਨਜ਼ ਬ੍ਰਾਂਚ
*(416) 326-2210*

*Disponible en français*

www.attorneygeneral.jus.gov.on.ca
ਆਮ ਟੈਲੀਫ਼ੋਨ ਪੁੱਛ-ਗਿੱਛ: 416-326-2220 ਜਾਂ 1-800-518-7901

ਨਿਗਾਹ ਦੇ ਨੁਕਸ ਵਾਲੇ ਵਿਅਕਤੀ ਉਪ੍ਰੋਕਤ ਨੰਬਰ ਡਾਇਲ ਕਰ ਕੇ
ਇਸ ਦਸਤਾਵੇਜ ਦਾ ਪਾਠ ਸੁਣ ਸਕਦੇ ਹਨ।
ਟੀ.ਟੀ.ਵਾਈ.: 416-326-4012

ਇਸ ਦਸਤਾਵੇਜ ਦਾ 14 ਭਾਸ਼ਾਵਾਂ ਵਿੱਚ ਤਰਜਮਾ ਕੀਤਾ ਜਾ ਰਿਹਾ ਹੈ।
ਇਹ ਤਰਜਮੇ ਛੇਤੀ ਹੀ www.attorneygeneral.jus.gov.on.ca ਤੇ ਉਪਲਬਧ ਹੋਣਗੇ।